**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਸੀ.ਓ. ਨੰ: 104-106, ਸੈਕਟਰ 34-ਏ, ਚੰਡੀਗੜ੍ਹ**

**ਵੱਲ:**

ਸਮੂਹ ਸਿੱਖਿਆ ਅਫਸਰ (ਸੈ.ਸਿ.)/(ਐ.ਸਿ)
ਪੰਜਾਬ।

ਮੀਮੋ ਨੰ: ਡਿ.ਐਸ.ਪੀ.ਡੀ/ਐਸ.ਐਸ.ਏ/2010/29430-469
ਮਿਤੀ, ਚੰਡੀਗੜ੍ਹ: 16-03-2010

**ਵਿਸ਼ਾ:- ਸਕੂਲਾਂ ਵਿੱਚ ਘਰੇਲੂ/ ਬੋਰਡ ਸਾਲਾਨਾ ਪ੍ਰੀਖਿਆਵਾਂ ਨੂੰ ਸੁਚਾਰੂ ਰੂਪ ਵਿੱਚ ਕਰਵਾਉਣ ਸੰਬੰਧੀ।**

ਹਵਾਲਾ:- ਮੀਮੋ ਨੰ: ਸਸਅ/ ਡਿਐਸਪੀਡੀ(ਵੀ)/2010/25658-677 ਮਿਤੀ,ਚੰਡੀਗੜ੍ਹ 16 ਫਰਵਰੀ 2010, ਡਿ.ਐਸ.ਪੀ.ਡੀ/ਐਸ.ਐਸ.ਏ/ 2010/26222-261ਮਿਤੀ ਚੰਡੀਗੜ੍ਹ 19-02- 2010, ਡਿ.ਐਸ.ਪੀ.ਡੀ/ਐਸ.ਐਸ.ਏ/2010/27831-27870 ਮਿਤੀ ਚੰਡੀਗੜ੍ਹ: 02-03-2010 ਅਤੇ ਮੀਮੋ ਨੰ: ਡਿ.ਐਸ.ਪੀ.ਡੀ/ਐਸ.ਐਸ.ਏ/2010/29276-22295ਮਿਤੀ ਚੰਡੀਗੜ੍ਹ: 15-03-2010

1.0 ਉਕਤ ਵਿਸ਼ੇ ਅਤੇ ਹਵਾਲਾ ਅਧੀਨ ਪਹਿਲਾਂ ਜਾਰੀ ਪੱਤਰਾਂ ਵੱਲ ਧਿਆਨ ਦਿਵਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਮੁੱਖ ਦਫਤਰ ਵਿਖੇ ਪੰਜਾਬ ਭਰ ਦੇ ਵੱਖ-ਵੱਖ ਪ੍ਰੀਖਿਆ ਕੇਂਦਰਾਂ ਵਿੱਚ ਨਕਲ ਹੋਣ ਸੰਬੰਧੀ ਬੇਸ਼ੁਮਾਰ ਸ਼ਿਕਾਇਤਾਂ ਲਗਾਤਾਰ ਮਿਲ ਰਹੀਆਂ ਹਨ, ਪਰੰਤੂ ਆਪ ਵੱਲੋਂ ਇਸ ਸੰਬੰਧੀ ਕੋਈ ਗੰਭੀਰ ਨੋਟਿਸ ਨਹੀਂ ਲਿਆ ਜਾ ਰਿਹਾ ਹੈ।

2.0 ਮਿਤੀ 16-03-2010 ਤੋਂ ਦਸਵੀਂ ਜਮਾਤ ਦੀਆਂ ਪ੍ਰੀਖਿਆਵਾਂ ਵੀ ਸ਼ੁਰੂ ਹੋ ਚੁੱਕੀਆਂ ਹਨ ਜਿਸ ਕਾਰਨ ਨਕਲ ਦੀਆਂ ਸ਼ਿਕਾਇਤਾਂ ਦੀ ਗਿਣਤੀ ਵਿੱਚ ਹੋਰ ਵਾਧਾ ਹੋਇਆ ਹੈ, ਸੋ ਇਸ ਪੱਤਰ ਰਾਹੀਂ ਆਪ ਨੂੰ ਦੁਬਾਰਾ ਲਿਖਿਆ ਜਾਂਦਾ ਹੈ ਕਿ ਸੰਵੇਦਨਸ਼ੀਲ ਕੇਂਦਰਾਂ ਤੇ ਸਖਤ ਅਤੇ ਵਧੀਆ ਅਕਸ ਵਾਲੇ ਅਧਿਆਪਕਾਂ ਦੀ ਡਿਊਟੀ ਬਤੌਰ ਆਬਜ਼ਰਵਰ ਲਗਾਈ ਜਾਵੇ ਅਤੇ ਕਿਸੇ ਵੀ ਸਰਕਾਰੀ ਅਧਿਆਪਕ/ਕਰਮਚਾਰੀ ਵੱਲੋਂ ਨਕਲ ਕਰਵਾਉਣ ਵਿੱਚ ਸੰਦੇਹਜਨਕ ਭੂਮਿਕਾ ਨਿਭਾਉਣ ਤੇ ਉਸ ਵਿਰੁੱਧ ਸਖਤ ਅਨੁਸ਼ਾਸ਼ਨੀ ਕਾਰਵਾਈ ਕਰਨ ਉਪਰੰਤ ਕੇਸ ਪ੍ਰੋੜਤਾ/ਕਾਰਵਾਈ ਲਈ ਇਸ ਦਫਤਰ ਨੂੰ ਭੇਜਿਆ ਜਾਵੇ।

3.0 ਇਸਤੋਂ ਇਲਾਵਾ ਸਕੂਲਾਂ ਵਿੱਚ ਚੱਲ ਰਹੀਆਂ ਘਰੇਲੂ ਪ੍ਰੀਖਿਆਵਾਂ ਸੰਬੰਧੀ ਵੀ ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਸਕੂਲ ਵਿੱਚ ਪ੍ਰਸ਼ਨ ਪੱਤਰਾਂ ਦੇ ਬੰਡਲਾਂ ਦੀ ਸੁਰੱਖਿਅਤਾ, ਪ੍ਰੀਖਿਆਵਾਂ ਦਾ ਸੰਚਾਲਨ ਅਤੇ ਮੁਲਾਂਕਣ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਬੇਨਿਯਮੀ/ਅਣਗਹਿਲੀ ਨਾ ਹੋਣ ਦਿੱਤੀ ਜਾਵੇ।

4.0 ਹਰ ਰੋਜ਼ ਪ੍ਰੀਖਿਆ ਖਤਮ ਹੋਣ ਤੋ ਬਾਅਦ ਇਸਦੀ ਰਿਪੋਰਟ ਫੈਕਸ ਰਾਹੀਂ ਇਸ ਦਫਤਰ ਨੂੰ ਭੇਜੀ ਜਾਵੇ।

5.0 ਉਪਰੋਕਤ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਪ੍ਰੀਖਿਆਵਾਂ ਦੇ ਸੰਚਾਲਨ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਢਿੱਲ ਨਾ ਵਰਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ।**